# ਕੀ ਤੁਸੀਂ ਇਹ ਮਹਿਸੂਸ ਕਰਦੇ ਹੋ...

## ਇਕੱਲੇ?

## ਕੰਮ ਕਰਨ ਦੇ ਸਥਾਨ 'ਤੇ ਆਪਣੇ ਹੱਕਾਂ ਬਾਰੇ ਨਿਸ਼ਚਿਤ ਨਹੀਂ ਹੋ?

## ਤੁਸੀਂ ਅੰਗ੍ਰੇਜ਼ੀ ਸਿੱਖਣ ਵਿੱਚ ਮਦਦ ਲੈਣੀ ਚਾਹੋਗੇ?

## Usdaw ਮਦਦ ਕਰ ਸਕਦੀ ਹੈ – ਅਸੀਂ ਤੁਹਾਡੀ ਟ੍ਰੇਡ ਯੂਨਿਅਨ ਹਾਂ।

USDAW

## ਯੋਗਦਾਨ ਦੇ ਰੇਟ

Usdaw ਦਾ ਮੈਂਬਰਸ਼ਿਪ ਰੇਟ ਟ੍ਰੇਡ ਯੂਨੀਅਨ ਮੁਹਿੰਮ ਦੇ ਵਿੱਚ ਸਭ ਤੋਂ ਘੱਟ ਵਿੱਚੋਂ ਇੱਕ ਹੈ, ਅਤੇ ਇਹ ਦਿਨ ਲਈ ਸਿਰਫ ਕੁਝ ਪੈਸਾਂ ਦੇ ਵਿੱਚ ਫਾਇਦਿਆਂ ਅਤੇ ਪੇਸ਼ਾਵਰ ਸੇਵਾਵਾਂ ਦੀ ਬਹੁਤ ਵਧੀਆ ਰੇਂਜ ਮੁਹੱਈਆ ਕਰਦੀ ਹੈ।

## ਹੋਰ ਜਾਣਕਾਰੀ ਲਈ ਜਾਂ Usdaw ਵਿੱਚ ਸ਼ਾਮਲ ਹੋਣ ਲਈ:

- Usdaw ਪ੍ਰਤਿਨਿਧੀ ਨਾਲ ਸੰਪਰਕ ਕਰੋ
- ਆਪਣੇ ਸਥਾਨਕ Usdaw ਆਫਿਸ ਨਾਲ ਸੰਪਰਕ ਕਰੋ
  **0800 030 80 30**
- ਸਾਡੀ ਵੈੱਬਸਾਈਟ 'ਤੇ ਜਾਓ
  **www.usdaw.org.uk**

ਇਸ ਕਿਤਾਬਚੇ ਵਿਚਲੀ ਜਾਣਕਾਰੀ ਛਾਪੇ ਜਾਣ ਦੇ ਸਮੇਂ ਸਹੀ ਹੈ – 04/2024.

USDAW

Published by Usdaw
Voyager Building
2 Furness Quay
Salford Quays
Manchester M50 3XZ

Punjabi

ਛੇ ਚੰਗੇ ਕਾਰਨ ਕਿ ਤੁਹਾਨੂੰ Usdaw ਵਿੱਚ ਕਿਉਂ ਸ਼ਾਮਲ ਹੋਣਾ ਚਾਹੀਦਾ ਹੈ – ਤੁਹਾਡੀ ਟ੍ਰੇਡ ਯੂਨੀਅਨ।

# ਛੇ ਚੰਗੇ ਕਾਰਨ ਕਿ ਤੁਹਾਨੂੰ Usdaw ਵਿੱਚ ਕਿਉਂ ਸ਼ਾਮਲ ਹੋਣਾ ਚਾਹੀਦਾ ਹੈ...

1. ਅਸੀਂ ਕੰਮ ਕਰਨ ਦੇ ਸਥਾਨ 'ਤੇ ਉਹਨਾਂ ਦੇ ਹੱਕਾਂ ਬਾਰੇ ਪਤਾ ਕਰਨ ਵਿੱਚ ਆਪਣੇ ਮੈਂਬਰਾਂ ਦੀ ਮਦਦ ਕਰਦੇ ਹਾਂ। ਉਦਾਹਰਨ ਲਈ, ਕੀ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਇਹ ਹੱਕ ਹੈ:

   – ਬਾਲਗਾਂ ਲਈ ਘੱਟੋ-ਘੱਟ ਮਜ਼ਦੂਰੀ। ਇਹ ਹਰ ਸਾਲ ਵੱਧਦੀ ਹੈ ਅਤੇ
   **1 ਅਪ੍ਰੈਲ 2024 ਤੋਂ ਇਹ ਹੈ:**
   **21 ਸਾਲ ਅਤੇ ਵੱਧ ਉਮਰ ਵਾਲਿਆਂ ਲਈ £11.44 ਪ੍ਰਤੀ ਘੰਟਾ**
   **18-20 ਸਾਲ ਦੀ ਉਮਰ ਵਾਲਿਆਂ ਲਈ £8.60 ਪ੍ਰਤੀ ਘੰਟਾ**
   **16-17 ਸਾਲ ਦੀ ਉਮਰ ਵਾਲਿਆਂ ਲਈ £6.40 ਪ੍ਰਤੀ ਘੰਟਾ**

   – ਸਾਲ ਵਿੱਚ 28 ਦਿਨਾਂ ਦੀ ਤਨਖਾਹ ਸਮੇਤ ਛੁੱਟੀ (ਹਫਤੇ ਦੇ 5 ਦਿਨ ਕੰਮ ਕਰਨ ਵਾਲੇ ਕਿਸੇ ਵਿਅਕਤੀ ਲਈ)।

   – ਰੋਜ਼ਾਨਾ 11 ਘੰਟੇ ਦਾ ਆਰਾਮ।

   – ਜ਼ਿਆਦਾਤਰ ਵਰਕਰ ਤਿੰਨ ਦਿਨਾਂ ਦੀ ਬਿਮਾਰੀ ਤੋਂ ਬਾਅਦ ਬਿਮਾਰੀ ਦੀ ਛੁੱਟੀ ਦੇ ਹੱਕਦਾਰ ਹੁੰਦੇ ਹਨ।

2. ਅਸੀਂ ਆਪਣੇ ਮੈਂਬਰਾਂ ਦੀਆਂ ਸਮੱਸਿਆਵਾਂ ਨੂੰ ਮੈਨੇਜਮੈਂਟ ਦੇ ਕੋਲ ਲਿਜਾਉਂਦੇ ਹਾਂ ਅਤੇ ਅਨੁਸ਼ਾਸਨੀ ਸੁਣਵਾਈਆਂ 'ਤੇ ਤੁਹਾਡੀ ਪ੍ਰਤਿਨਿਧਤਾ ਕਰਦੇ ਹਾਂ।

3. ਕੰਮ ਕਰਨ ਦੇ ਸਥਾਨ 'ਤੇ ਕਿਸੇ ਦੁਰਘਟਨਾ ਹੋਣ, ਗੈਰ-ਵਾਜਬ ਤਰੀਕੇ ਨਾਲ ਨੌਕਰੀ ਤੋਂ ਕੱਢ ਦੇਣ ਅਤੇ ਵਿਤਕਰਾ ਕੀਤੇ ਜਾਣ 'ਤੇ ਅਸੀਂ ਆਪਣੇ ਮੈਂਬਰਾਂ ਨੂੰ ਮੁਫ਼ਤ ਕਾਨੂੰਨੀ ਸਲਾਹ ਦਿੰਦੇ ਹਾਂ ਅਤੇ ਉਹਨਾਂ ਦੀ ਪ੍ਰਤਿਨਿਧਤਾ ਕਰਦੇ ਹਾਂ।

4. ਅਸੀਂ ਅੰਗ੍ਰੇਜ਼ੀ, ਗਣਿਤ ਅਤੇ ਕੰਪਿਊਟਰ ਸਬੰਧੀ ਹੁਨਰਾਂ ਸਮੇਤ ਬਹੁਤ ਸਾਰੇ ਵੱਖ-ਵੱਖ ਵਿਸ਼ਿਆਂ ਬਾਰੇ ਮੁਫ਼ਤ ਸਿਖਲਾਈ ਲੈਣ ਵਿੱਚ ਆਪਣੇ ਮੈਂਬਰਾਂ ਦੀ ਮਦਦ ਕਰ ਸਕਦੇ ਹਾਂ।

5. ਅਸੀਂ ਨਸਲਵਾਦ ਦੇ ਵਿਰੁੱਧ ਮੁਹਿੰਮ ਚਲਾਉਂਦੇ ਹਾਂ ਅਤੇ ਸਾਰੇ ਕਰਮਚਾਰੀਆਂ ਲਈ ਬਰਾਬਰ ਵਿਹਾਰ ਨੂੰ ਉਤਸ਼ਾਹਿਤ ਕਰਦੇ ਹਾਂ।

6. ਅਸੀਂ ਆਪਣੇ ਮੈਂਬਰਾਂ ਦੀ ਤਨਖਾਹ ਅਤੇ ਕੰਮ ਕਰਨ ਦੇ ਸਥਾਨ 'ਤੇ ਜ਼ਿੰਦਗੀ ਨੂੰ ਸੁਧਾਰਨ ਲਈ ਕੰਮ ਕਰਦੇ ਹਾਂ।

- ਹਰ ਕੋਈ ਟ੍ਰੇਡ ਯੂਨੀਅਨ ਵਿੱਚ ਸ਼ਾਮਲ ਹੋ ਸਕਦਾ ਹੈ।
- ਤੁਹਾਨੂੰ ਕਿਸੇ ਟ੍ਰੇਡ ਯੂਨੀਅਨ ਵਿੱਚ ਸ਼ਾਮਲ ਹੋਣ ਦਾ ਕਾਨੂੰਨੀ ਹੱਕ ਹੈ।
- ਤੁਹਾਨੂੰ ਆਪਣੇ ਰੁਜ਼ਗਾਰਦਾਤਾ ਨੂੰ ਇਹ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਤੁਸੀਂ ਕਿਸੇ ਟ੍ਰੇਡ ਯੂਨੀਅਨ ਦੇ ਮੈਂਬਰ ਹੋ।
- ਕਿਸੇ ਵੀ ਵਿਅਕਤੀ ਦੇ ਲਈ ਤੁਹਾਡੇ ਨਾਲ ਇਸ ਲਈ ਵਿਤਕਰਾ ਕਰਨਾ ਗੈਰ-ਕਾਨੂੰਨੀ ਹੈ ਕਿਉਂਕਿ ਤੁਸੀਂ ਟ੍ਰੇਡ ਯੂਨੀਅਨ ਦੇ ਮੈਂਬਰ ਹੋ।